# ਕੁੱਖ 'ਚ ਧੀਆਂ ਮਾਰਨ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਔਰਤਾਂ ਨੂੰ ਇੱਕਜੁਟ ਹੋਣ ਦੀ ਲੋੜ- ਰਾਣਾ





ਜਾਨਕੀ ਦੇਵੀ ਮੈਮੋਰੀਅਲ ਕਾਲਜ ਦੇ ਸਥਾਪਨਾ ਦਿਵਸ ਮੌਕੇ ਸੰਬੋਧਨ ਕਰਦੇ ਹੋਏ ਕੌਂਸਲਰ ਪਰਮਜੀਤ ਸਿੰਘ ਰਾਣਾ। (ਸੱਜੇ) ਜਾਨਕੀ ਦੇਵੀ ਮੈਮੋਰੀਅਲ ਕਾਲਜ ਦੇ ਸਥਾਪਨਾ ਦਿਵਸ ਸਬੰਧੀ ਪ੍ਰੋਗਰਾਮ 'ਚ ਸ਼ਾਮਿਲ ਇੱਕਠ। *ਅਜੀਤ ਤਸਵੀਰਾਂ*

ਨਵੀਂ ਦਿੱਲੀ, 2 ਅਗਸਤ (ਜਗਤਾਰ ਸਿੰਘ)- ਰਜਿੰਦਰ ਨਗਰ ਇਲਾਕੇ 'ਚ ਸਥਿਤ ਜਾਨਕੀ ਦੇਵੀ ਮੈਮੋਰੀਅਲ ਕਾਲਜ ਦੇ ਆਡੀਟੋਰੀਅਮ 'ਚ ਕਾਲਜ ਦਾ ਸਥਾਪਨਾ ਦਿਵਸ ਦੱਖਣੀ ਦਿੱਲੀ ਦੀ ਸਾਂਸਦ ਸ੍ਰੀਮਤੀ ਮੀਨਾਕਸ਼ੀ ਲੇਖੀ ਅਤੇ ਹਲਕੇ ਦੇ ਕੌਂਸਲਰ ਪਰਮਜੀਤ ਸਿੰਘ ਰਾਣਾ ਦੀ ਮੌਜੂਦਗੀ 'ਚ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਜਵਾਤੀ ਪਾਲ ਨੇ ਸਮਾਰੋਹ 'ਚ ਸ਼ਾਮਿਲ ਹੋਈ ਸਾਂਸਦ ਮੀਨਾਕਸ਼ੀ ਲੇਖੀ ਅਤੇ ਕੌਂਸਲਰ ਪਰਮਜੀਤ ਸਿੰਘ ਰਾਣਾ ਦਾ ਸੁਆਗਤ ਕੀਤਾ ਅਤੇ ਆਪਣੇ ਭਾਸ਼ਣ 'ਚ ਉਨ੍ਹਾਂ ਨੂੰ ਆਪਣੇ ਕਾਲਜ ਦੀਆਂ ਕਈ ਖੂਬੀਆਂ ਗਿਣਾਈਆਂ ਅਤੇ ਆਸ ਪ੍ਰਗਟਾਈ ਕਿ ਸਰਕਾਰ ਪਾਸੋਂ ਵਿਦਿਆਰਥਣਾਂ ਨੂੰ ਮੁਹੱਈਆ ਕਰਾਈ ਜਾਣ ਵਾਲੀ ਹਰ ਸਹੂਲਤ ਉਨ੍ਹਾਂ ਨੂੰ ਸਰਲਤਾ ਨਾਲ ਪ੍ਰਦਾਨ ਕੀਤੀ ਜਾਵੇਗੀ ਇਸ ਮੌਕੇ ਸਾਂਸਦ ਮੀਨਾਕਸ਼ੀ ਲੇਖੀ ਨੇ ਕਾਲਜ ਵਿਦਿਆਰਥਣਾਂ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਸਵੱਛਤਾ ਅਭਿਆਨ ਨਾਲ ਜੁੜਨ ਅਤੇ ਸਾਫ-ਸਫਾਈ ਨੂੰ ਆਪਣੀ ਜੀਵਨਸ਼ੈਲੀ 'ਚ ਲਾਜ਼ਮੀ ਕਰਨ ਦੀ ਅਪੀਲ ਕੀਤੀ ਅਤੇ ਕਾਲਜ 'ਚ ਸਾਂਸਦ ਫੰਡ ਤੋਂ ਛੇਤੀ ਹੀ 'ਓਪਨ ਜਿਮ' ਖੁੱਲ੍ਹਵਾਉਣ ਦਾ ਐਲਾਨ ਕੀਤਾ। ਕੌਂਸਲਰ ਪਰਮਜੀਤ ਸਿੰਘ ਰਾਣਾ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਉਹ ਮਾਂ ਕਿੰਝ ਗਲਤ ਹੋ ਸਕਦੀ ਹੈ ਜਿਸ ਦੀ ਕੁੱਖ ਤੋਂ ਰਾਜੇ-ਮਹਾਰਾਜਿਆਂ ਤਕ ਨੇ ਜਨਮ ਲਿਆ ਹੋਵੇ। ਜੇਕਰ ਇਸ ਕਲੰਕ ਨੂੰ ਮਿਟਾਉਣਾ ਹੈ ਤਾਂ ਇਸ ਲਈ ਖੁਦ ਔਰਤਾਂ ਨੂੰ ਜਾਗਰੂਕ ਹੋਣਾ ਪਵੇਗਾ ਤਾਂ ਕਿ ਕੁੱਖ 'ਚ ਧੀਆਂ ਨੂੰ ਕਤਲ ਕਰਨ ਦੀ ਕੋਝੀ ਸੋਚ ਹਮੇਸ਼ਾਂ ਲਈ ਖਤਮ ਹੋ ਸਕੇ ਅਜਿਹਾ ਹੋਣ 'ਤੇ ਹੀ ਇਸ ਦੇਸ਼ ਦੀ ਸਹੀ ਮਾਇਨੇ 'ਚ ਤਰੱਕੀ ਹੋਵੇਗੀ।